ਪੰਜਾਬ ਸਕੂਲ ਸਿੱਖਿਆ ਬੋਰਡ

ਨੋਟੀਫਿਕੇਸ਼ਨ

ਨੋਟੀਫਿਕੇਸ਼ਨ ਨੰ: (143) ਪਸਸਬ-ਮੀਟਿੰਗ-2019/790 ਮਿਤੀ:ਸਾਹਿਬਜਾਦਾ ਅਜੀਤ ਸਿੰਘ ਨਗਰ: 07/11/2019

ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, 1969, ਸੋਧ ਐਕਟ 1987, 2000, 2005 , 2008,2012 , 2013 ,2016 ਅਤੇ 2017 ਦੀ ਧਾਰਾ 24 ਦੀ ਉਪ-ਧਾਰਾ (2) ਦੇ ਖੰਡ (c) ਅਤੇ (d) ਅਧੀਨ ਮਿਲੇ ਅਧਿਕਾਰਾਂ ਤਹਿਤ,ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੀਟਿੰਗ ਮਿਤੀ 13.09.2019 ਵਿੱਚ ਮੱਦ ਨੰ: 20 ਰਾਹੀਂ ਲਏ ਨਿਰਣੇ ਅਨੁਸਾਰ, 'ਪੰਜਾਬ ਸਕੂਲ ਸਿਖਿਆ ਬੋਰਡ (ਮੈਟ੍ਰਿਕੁਲੇਸ਼ਨ ਪ੍ਰੀਖਿਆ') ਅਤੇ (ਸੀਨੀਅਰ ਸੈਕੰਡਰੀ ਪ੍ਰੀਖਿਆ) ਵਿਨਿਯਮ-1988, (ਗਿਆਰਵੀਂ ਪ੍ਰੀਖਿਆ) ਵਿਨਿਯਮ-1992 ਵਿੱਚ ਹੇਠ ਲਿਖੇ ਅਨੁਸਾਰ ਸੋਧ ਕਰਨੀ ਪਰਵਾਨ ਕੀਤੀ ਜਾਂਦੀ ਹੈ:-

ਸੋਧ ਨੰ : LVI

ਕਲੰਡਰ ਜਿਲਦ-II (ਮੈਟ੍ਰਿਕੁਲੇਸ਼ਨ ਪ੍ਰੀਖਿਆ) ਪੰਨਾ: 44 ਤੇ ਵਿਨਿਯਮ- 27 ਵਿੱਚ, (ਗਿਆਰਵੀਂ ਪ੍ਰੀਖਿਆ) ਪੰਨਾ: 50 ਤੇ ਵਿਨਿਯਮ-18 ਵਿੱਚ ਅਤੇ ( ਸੀਨੀਅਰ ਸੈਕੰਡਰੀ ਪ੍ਰੀਖਿਆ) ਪੰਨਾ: 68 ਤੇ ਵਿਨਿਯਮ- 22 ਵਿੱਚ ਹੇਠ ਲਿਖੇ ਅਨੁਸਾਰ (i,ii ਤੋਂ ਬਾਅਦ iii, iv ਅਤੇ v) ਨਵਾਂ ਉਪਬੰਧ ਸ਼ਾਮਿਲ ਕੀਤਾ ਜਾਂਦਾ ਹੈ:-

iii) ਅਕਾਦਮਿਕ ਸਾਲ 2019-20 ਤੋਂ ਬੋਰਡ ਵੱਲੋਂ **'Persons with Disabilities Act-2016,** ਵਿੱਚ ਸ਼ਾਮਿਲ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ 21 ਕੈਟਾਗਿਰੀਜ਼ ਵਿੱਚੋਂ 7 ਕੈਟਾਗਰੀਜ਼ **(Autism** Spectrum Disorder (ASD), **Cerebral Palsy, Chronic Neurological Conditions,** Specific Learning **Disabilty, Multiple Disabilites including Deaf- blindnes,** Parkinson's Disease **and Mental Illness)** ਨੂੰ **MR/VI/HI** ਵਿਦਿਆਰਥੀਆਂ ਵਾਂਗ ਪ੍ਰਸ਼ਨ ਬੈਂਕ, ਮਾਡਲ ਪ੍ਰਸ਼ਨ ਪੱਤਰ ਅਤੇ ਪ੍ਰਸ਼ਨ ਬੈਂਕ ਦੇ ਆਧਾਰ ਤੇ ਪ੍ਰੀਖਿਆ ਵਿੱਚ ਵੱਖਰਾ ਪ੍ਰਸ਼ਨ ਪੱਤਰ ਦੀ ਵਾਧੂ ਸਹੂਲਤ ਦਿੱਤੀ ਜਾਵੇਗੀ।

iv) ਅਕਾਦਮਿਕ ਸਾਲ 2019-20 ਤੋਂ MR,VI, HI, Autism Spectrum Disorder (ASD), Cerebral Palsy,Chronic Neurological Conditions, Specific Learning Disabilty, Multiple Disabilites including Deaf- blindnes, Parkinson's Disease and Mental Illness ਦੇ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਦੀ ਪ੍ਰੀਖਿਆ ਵਿੱਚ Calculator ਦੀ ਵਰਤੋਂ ਕਰਨ ਦੀ ਸਹੂਲਤ ਦਿੱਤੀ ਜਾਵੇਗੀ।

v) RPwD Act 2016 ਅਨੁਸਾਰ MR ( Mental Retardation) ਦੀ ਥਾਂ ਤੇ Intellectual Disability (ID) ਸ਼ਬਦ ਦੀ ਵਰਤੋਂ ਕੀਤੀ ਜਾਣੀ ਹੈ। ਜਿਸ ਦੇ ਮੱਦੇਨਜ਼ਰ ਭਵਿੱਖ ਵਿੱਚ ਬੋਰਡ ਵੱਲੋਂ MR ਦੀ ਥਾਂ ਤੇ **Intellectual Disability (ID)** ਸ਼ਬਦ ਦੀ ਵਰਤੋਂ ਕੀਤੀ ਜਾਵੇਗੀ।

ਮਿਤੀ:ਸਾਹਿਬਜਾਦਾ ਅਜੀਤ ਸਿੰਘ ਨਗਰ: 04/11/2019

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ:ਪਸਸਬ-ਮੀਟਿੰਗ-2019/791 ਮਿਤੀ:ਸਾਹਿਬਜਾਦਾ ਅਜੀਤ ਸਿੰਘ ਨਗਰ: 07/11/2019

ਉਪਰੋਕਤ ਦਾ ਉਤਾਰਾ ਸਕੱਤਰ, ਸਕੂਲ ਸਿੱਖਿਆ ਵਿਭਾਗ (ਸਿੱਖਿਆ ਸ਼ਾਖਾ-3) ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ,1969 ਸੋਧ ਐਕਟ 2017 ਦੀ ਧਾਰਾ 24 ਦੀ ਉਪ-ਧਾਰਾ (1) ਦੀ ਪਾਲਣਾ ਕਰਦੇ ਹੋਏ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

7/11/19

ਸੁਪਰਡੰਟ (ਮੀਟਿੰਗਜ਼ / ਅਮਲਾ-4)
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ:ਪਸਸਬ-ਮੀਟਿੰਗ-2019/792 ਮਿਤੀ:ਸਾਹਿਬਜਾਦਾ ਅਜੀਤ ਸਿੰਘ ਨਗਰ: 07/11/2019

ਉਤਾਰਾ ਬੋਰਡ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

7/11/19

ਸੁਪਰਡੰਟ (ਮੀਟਿੰਗਜ਼ / ਅਮਲਾ-4)
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ:ਪਸਸਬ-ਮੀਟਿੰਗ-2019/793 ਮਿਤੀ:ਸਾਹਿਬਜਾਦਾ ਅਜੀਤ ਸਿੰਘ ਨਗਰ: 07/11/2019

ਉਤਾਰਾ ਬੋਰਡ ਦੀਆਂ ਸਮੂਹ ਸ਼ਾਖਾਵਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸੋਧ ਆਪਣੇ ਅਧੀਨ ਕੰਮ ਕਰਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀ ਜਾਵੇ।

7/11/19

ਸੁਪਰਡੰਟ (ਮੀਟਿੰਗਜ਼ / ਅਮਲਾ-4)
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

7/11/19